# तेरे दर ते आ गयी हां

ਧੁਨ- ਸਾਰੀ ਰਾਤ ਤੇਰਾ ਤੱਕਣੀ ਆਂ ਰਾਹ

ਤੇਰੇ ਦਰ ਤੇ, ਆ ਗਈ ਆਂ, ਦਰ ਛੱਡਿਆ ਨਹੀਂ ਜਾਂਦਾ ॥
*ਪੱਲਾ, ਫੜ੍ਹਿਆ ਤੇਰਾ ਹੁਣ ਮਾਂ ॥, ਸਾਥੋਂ ਛੱਡਿਆ ਨਹੀਂ ਜਾਂਦਾ,,,
ਤੇਰੇ ਦਰ ਤੇ, ਆ ਗਈ ਆਂ, ਦਰ ਛੱਡਿਆ,,,,,,,,,,,,,

ਵਿਗੜੇ ਨਸੀਬਾਂ ਨੂੰ, "ਆਪ ਸੰਵਾਰ ਦਿਓ ॥"
ਡੁੱਬੀ ਹੋਈ ਕਸ਼ਤੀ ਨੂੰ, "ਹੱਥ ਦੇ ਕੇ ਤਾਰ ਦਿਓ ॥"
*ਮੇਰਾ, ਜੀਵਨ ਤੂੰ ਸਫ਼ਲ ਬਣਾ ॥, ਦਰ ਛੱਡਿਆ ਨਹੀਂ ਜਾਂਦਾ,,,
ਤੇਰੇ ਦਰ ਤੇ, ਆ ਗਈ ਆਂ, ਦਰ ਛੱਡਿਆ,,,,,,,,,,,,,F

ਤੇਰੇ ਹੀ ਵਿਯੋਗ ਵਿੱਚ, "ਬਾਂਵਰੀ ਮੈਂ ਹੋਈ ਆਂ ॥"
ਕਿਸੇ ਵੀ ਨਾ ਬਾਂਹ ਫੜ੍ਹੀ, "ਛੰਮ ਛੰਮ, ਰੋਈ ਆਂ ॥"
*ਮਾਂ, ਦਾਸੀ ਨੂੰ ਗਲ਼ੇ ਲਗਾ ॥, ਸਾਥੋਂ ਰੁੱਕਿਆ ਨਹੀਂ ਜਾਂਦਾ,,,
ਤੇਰੇ ਦਰ ਤੇ, ਆ ਗਈ ਆਂ, ਦਰ ਛੱਡਿਆ,,,,,,,,,,,,,F

ਅੰਦਰ ਹਨ੍ਹੇਰਾ ਮੇਰੇ, "ਜੋਤ ਵੀ ਨਾ ਜੱਗਦੀ ॥"
ਕਰ ਦਿਓ ਨੂਰੋ ਨੂਰ, "ਜਯੋਤੀ ਦੇ ਅਲਖ ਦੀ ॥"
*ਮਾਂ, ਜੋਤ ਨੂੰ ਦਿਓ ਜਗਾ ॥, ਦਰ ਛੱਡਿਆ ਨਹੀਂ ਜਾਂਦਾ,,
ਤੇਰੇ ਦਰ ਤੇ, ਆ ਗਈ ਆਂ, ਦਰ ਛੱਡਿਆ,,,,,,,,,,,,,F

ਪ੍ਰੇਮ ਦੀ ਜ਼ੰਜ਼ੀਰ ਪਾ ਕੇ, "ਭੁੱਲ ਗਈਓਂ ਦੱਸ ਮਾਂ ॥"
ਹੋਵੇਗਾ ਦੀਦਾਰ ਕਿਵੇਂ, "ਏਹ ਵੀ ਜ਼ਰਾ ਦੱਸ ਮਾਂ ॥"
*ਜਦੋਂ, ਤਾਰਾਂ ਖੜ੍ਹਕਦੀਆਂ ॥, ਸਾਥੋਂ ਰੁੱਕਿਆ ਨਹੀਂ ਜਾਂਦਾ,,,
ਤੇਰੇ ਦਰ ਤੇ, ਆ ਗਈ ਆਂ, ਦਰ ਛੱਡਿਆ,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/30043/title/tere-dar-te-aa-gayi-aa

अपने Android मोबाइल पर BhajanGanga App डाउनलोड करें और भजनों का आनंद ले |